ਮੁਕੱਦਮਾ ਨੰਬਰ 46 ਮਿਤੀ 18.04.2022 ਅ/ਧ 22,29/61/85 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਜਗਰਾਂਉ ਵਿੱਚ ਸੀ.ਆਈ.ਏ ਸਟਾਫ ਜਗਰਾਂਉ ਦੀ ਤਫਤੀਸ਼ ਨੂੰ ਜਾਰੀ ਰੱਖਦੇ ਹੋਏ ਪਹਿਲਾਂ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤੇ ਦੋਸ਼ੀ ਪਰਮਿੰਦਰ ਸਿੰਘ ਉਰਫ ਭਿੰਦਾ ਪੁੱਤਰ ਅਜੈਬ ਸਿੰਘ ਵਾਸੀ ਢੋਲਣ, ਥਾਣਾ ਸਦਰ ਜਗਰਾਂਉ ਨੇ ਮਿਤੀ 20.04.2022 ਨੂੰ ਪੁਲੀਸ ਰਿਮਾਂਡ ਦੌਰਾਨ ਏ.ਐਸ.ਆਈ. ਰਣਧੀਰ ਸਿੰਘ ਸੀ.ਆਈ.ਏ.ਸਟਾਫ ਜਗਰਾਂਉ ਪਾਸ ਪੁਛਗਿੱਛ ਦੌਰਾਨ ਮੰਨਿਆ ਹੈ ਕਿ ਉਸਨੂੰ ਨਸ਼ੀਲੀਆਂ ਗੋਲੀਆਂ ਦੀ ਸਪਲਾਈ ਵਰਿੰਦਰ ਸਿੰਘ ਉਰਫ ਟੀਟੂ ਪੁੱਤਰ ਸੁਖਵਿੰਦਰ ਸਿੰਘ ਪੁੱਤਰ ਕੁਲਜੀਤ ਸਿੰਘ ਵਾਸੀ ਮਕਾਨ ਨੰਬਰ 621 ਪੁਰਾਣਾ ਬਜਾਰ ਪਿੱਪਲੀ ਗਲੀ, ਥਾਣਾ ਸਿਟੀ-02 ਮੋਗਾ ਦੇ ਕੇ ਜਾਂਦਾ ਸੀ। ਜਿਸਤੇ ਏ.ਐਸ.ਆਈ. ਰਣਧੀਰ ਸਿੰਘ ਵੱਲੋਂ ਵਰਿੰਦਰ ਸਿੰਘ ਉਰਫ ਟੀਟੂ ਉਕਤ ਨੂੰ ਮੁਕੱਦਮਾ ਵਿੱਚ ਦੋਸ਼ੀ ਨਾਮਜਦ ਕਰਕੇ ਸਮੇਤ ALPRAZOLAM TABLETS IP ALPRAMED ਦੇ 02 ਡੱਬੇ ਕੁਲ 1200 ਨਸ਼ੀਲੀਆਂ ਗੋਲੀਆਂ ਦੇ ਕਾਬੂ ਕੀਤਾ ਗਿਆ ਹੈ। ਦੋਸ਼ੀ ਵਰਿੰਦਰ ਸਿੰਘ ਉਰਫ ਟੀਟੂ ਉਕਤ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਿਲ ਕੀਤਾ ਜਾਵੇਗਾ।